**State Council of Educational Research & Training, Punjab**
Block-E, 6th Floor, Punjab School Education Board Complex
Phase 8, Sector 62, Mohali,160062 Punjab
Phone: 0172-2212221, Fax: 0172-2212793,Website:www.scertpunjab.ac.in

**ਵੱਲ**

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਸਮੂਹ ਸਕੂਲ ਮੁੱਖੀ, ਪੰਜਾਬ
ਪੰਜਾਬ ।

**ਮੀਮੋ ਨੰ: ਐਸ.ਸੀ.ਈ.ਆਰ.ਟੀ./ਸਸਅ/2017/**2017||337 to 2017||354
**ਮਿਤੀ:** 16.10.17

**ਵਿਸ਼ਾ:- ਛੇਵੀਂ ਅਤੇ ਸੱਤਵੀ ਸ਼੍ਰੇਣੀ ਦੇ ਅੰਗਰੇਜ਼ੀ ਅਤੇ ਸਮਾਜਿਕ ਵਿਗਿਆਨ ਵਿਸ਼ੇ ਦੇ ਮਾਡਲ ਪ੍ਰਸ਼ਨ ਪੱਤਰਾਂ ਸਬੰਧੀ।**

1. ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਛੇਵੀਂ ਅਤੇ ਸੱਤਵੀ ਸ਼੍ਰੇਣੀ ਦੇ ਸ਼੍ਰੇਣੀ ਦੇ ਅੰਗਰੇਜ਼ੀ ਦੇ ਪੇਪਰ ਵਿੱਚ ਚਾਰ basic skills: Listening, Speaking Reading and Writing ਨੂੰ ਮੁਲਾਂਕਣ ਦਾ ਹਿੱਸਾ ਬਣਾਉਣਾ ਚਾਹੀਦਾ ਹੈ ਤਾਂ ਜੋ ਵਿਦਿਆਰਥੀਆਂ 'ਚ ਉਕਤ ਚਾਰੇ ਸਕਿੱਲਜ਼ ਵਿਕਸਿਤ ਕੀਤੀਆਂ ਜਾ ਸਕਣ।

2. ਇਸੇ ਤਰ੍ਹਾਂ ਸਮਾਜਿਕ ਵਿਗਿਆਨ ਦੇ ਪ੍ਰਸ਼ਨ ਪੱਤਰ ਵੀਂ ਗਤੀਵਿਧੀ ਅਧਾਰਿਤ ਜਾਂ ਭਿੰਨਤਾਂ ਤੇ ਅਧਾਰਿਤ ਹੋਣਾ ਚਾਹੀਦਾ ਹੈ।

3. ਉਪਰੋਕਤ ਨੁਕਤਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਅੱਠਵੀਂ ਸ਼੍ਰੇਣੀ ਦੀ ਤਰਜ਼ ਤੇ ਛੇਵੀਂ ਅਤੇ ਸੱਤਵੀ ਸ਼੍ਰੇਣੀ ਲਈ ਵੀ ਅਜਿਹੇ ਸੈਂਪਲ ਪ੍ਰਸ਼ਨ ਪੱਤਰ ਤਿਆਰ ਕੀਤੇ ਗਏ ਹਨ, ਜੋ ਕਿ ਗਤੀਵਿਧੀਆਂ ਅਤੇ ਭਿੰਨਤਾਵਾਂ ਤੇ ਅਧਾਰਿਤ ਹਨ ਅਤੇ ਵਿਦਿਆਰਥੀ ਇਹਨਾਂ ਨੂੰ ਸਹਿਜੇ ਹੀ ਹੱਲ ਕਰ ਸਕਦੇ ਹਨ।

-sd-
**ਡਾਇਰੈਕਟਰ**
**ਐਸ.ਸੀ.ਈ.ਆਰ.ਟੀ,ਪੰਜਾਬ**

**ਪਿੱਠ ਅੰਕਣ ਨੰ: ਐਸ.ਸੀ.ਈ.ਆਰ.ਟੀ./ਸਸਅ/2017/** 2017||360 **ਮਿਤੀ:** 16.10.17

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਡੀ.ਐਮ.(ਐਮ.ਆਈ.ਐਸ) ਨੂੰ ਵੈਬ ਸਾਇਟ ਤੇ ਪਾਉਣ ਹਿੱਤ

**ਡਾਇਰੈਕਟਰ** 16/10/17
**ਐਸ.ਸੀ.ਈ.ਆਰ.ਟੀ,ਪੰਜਾਬ**

**ਜਮਾਤ -ਸੱਤਵੀਂ**

**SA-2 ਸੈਂਪਲ ਪੇਪਰ (ਸਮਾਜਿਕ ਵਿਗਿਆਨ)**

**ਭਾਗ-1**

**ਸਮਾਂ : 3 ਘੰਟੇ** **(ਕੁੱਲ ਅੰਕ 70)**

**ਭੂਗੋਲ (30 ਅੰਕ**

**(1)ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ:**

i. ਵਾਯੂ ਦਾਬ ਤੋਂ ਕੀ ਭਾਵ ਹੈ? (2)

ii. ਨਿਊਫਾਊਡਲੈਂਡ ਕੋਲ ਹਰ ਸਮੇਂ ਭਾਰੀ ਧੁੰਦ ਕਿਉਂ ਰਹਿੰਦੀ ਹੈ? (2)

iii. ਜੰਗਲਾਂ ਤੋਂ ਕਿਹੜੀਆਂ ਵਸਤਾਂ ਪ੍ਰਾਪਤ ਹੰਦੀਆਂ ਹਨ? (2)

iv. ਪਹਿਲਾਂ ਪਹਿਲ ਮਨੁੱਖ ਨੇ ਕਿੱਥੇ ਰਹਿਣਾ ਸ਼ੁਰੂ ਕੀਤਾ? (2)

(2) ਮਾਰੂਥਲ ਦੇ ਜੀਵਨ ਬਾਰੇ ਸੰਖੇਪ ਜਾਣਕਾਰੀ ਦਿਉ? (4)

(3) ਵੱਡੇ ਜਵਾਰਭਾਟੇ ਅਤੇ ਛੋਟੇ ਜਵਾਰਭਾਟੇ ਵਿੱਚ ਕੀ ਅੰਤਰ ਹੈ? (4)

**(4) ਖਾਲੀ ਥਾਵਾਂ ਭਰੋ:-** **(4 ਅੰਕ)**

I. ਚਲਦੀ ਹੋਈ ਹਵਾ ਨੂੰ __________ ਕਹਿੰਦੇ ਹਨ। (1)

II. ਪ੍ਰਿਥਵੀ ਦੀ ਸਤਾਹ ਦਾ __________ ਭਾਗ ਪਾਣੀ ਨੇ ਮੱਲਿਆ ਹੋਇਆ ਹੈ। (1)

III. ਰੁੱਖ ਕਾਰਬਨਡਾਇਕਸਾਇਡ ਲੈ ਕੇ __________ ਛੱਡਦੇ ਹਨ (1)

IV. ਕੇਪ ਮਾਰਗ ਦੀ ਖੋਜ __________ਨੇ ਕੀਤੀ। (1)

**(5). ਸਹੀ ਅਤੇ ਗਲਤ ਦਾ ਨਿਸ਼ਾਨ ਲਗਾਉ: (ਕੋਈ 5 ਕਰੋ)**

1. ਲੱਦਾਖ ਇੱਕ ਠੰਡਾ ਮਾਰੂਥਲ ਹੈ। ( )
2. ਜੰਗਲੀ ਜੀਵ ਵੀ ਕਿਸੇ ਦੇਸ਼ ਦੀ ਸੰਪਤੀ ਹਨ। ( )
3. ਸਾਗਰੀ ਪਾਣੀ ਖਾਰਾ ਨਹੀਂ ਹੁੰਦਾ। ( )
4. ਸੰਸਾਰ ਦਾ ਸਭ ਤੋਂ ਵੱਡਾ ਮਹਾਂਸਾਗਰ ਸ਼ਾਂਤ ਮਹਾਂਸਾਗਰ ਹੈ ( )
5. ਸਮੁੰਦਰਾਂ ਦੇ ਪਾਣੀ ਵਿੱਚ ਲੂਣ ਦੀ ਮਾਤਰਾ 35% ਹੁੰਦੀ ਹੈ। ( )
6. ਗਰਮੀ ਕਾਰਨ ਪਾਣੀ ਦੇ ਭਾਫ ਬਨਣ ਨੂੰ ਸੰਘਣਨ ਕਹਿੰਦੇ ਹਨ। ( )

**(6). ਸੰਸਾਰ ਦੇ ਨਕਸ਼ੇ ਵਿੱਚ ਹੇਠ ਲਿਖੇ ਸਥਾਨ ਦਰਸਾਉ। (ਕੋਈ 5 ਸਥਾਨ ਭਰੋ) (5 ਅੰਕ)**

I. ਅਸਟ੍ਰੇਲੀਆ ਮਹਾਂਦੀਪ (1)
II. ਭਾਰਤ (1)
III. ਵੈਲਡ ਘਾਹ ਦੇ ਮੈਦਾਨ (1)
IV. ਅੰਧ ਮਹਾਂਸਾਗਰ (1)
V. ਸਹਾਰਾ ਮਾਰੂਥਲ (1)
VI. ਲਾਨੋਜ਼ ਘਾਹ ਖੇਤਰ (1)

## ਇਤਿਹਾਸ (30ਅੰਕ)

**(7) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ:**

I. ਕੋਈ ਚਾਰ ਤੀਰਥ ਸਥਾਨਾਂ ਦੇ ਨਾਂ ਲਿਖੋ? **(2)**

II. ਪੰਜਾਬੀ ਸਾਹਿਤ ਦਾ ਮੋਢੀ ਜਾਂ ਸੰਸਥਾਪਕ ਕੌਣ ਸੀ ? **(2)**

III. ਭਾਰਤ ਦੇ ਭਗਤੀ ਲਹਿਰ ਦੇ ਪ੍ਰਮੁੱਖ ਸੰਤਾਂ ਦੇ ਨਾਂ ਦੱਸੋ? **(2)**

**(8)** ਹੈਦਰ ਅਲੀ ਅਤੇ ਟੀਪੂ ਸੁਲਤਾਨ ਨੇ ਮੈਸੂਰ ਨੂੰ ਕਿਵੇਂ ਇੱਕ ਤਾਕਤਵਰ ਰਾਜ ਬਣਾਇਆ ? **(4)**

**(9)** ਮੱਧਕਾਲੀਨ ਭਾਰਤ ਦੀ ਜਾਤ-ਪ੍ਰਥਾ ਵਿੱਚਲੀਆਂ ਤਬਦੀਲੀਆਂ ਬਾਰੇ ਲਿਖੋ। **(4)**

**(10) ਖਾਲੀ ਥਾਵਾਂ ਭਰੋ**: **(4 ਅੰਕ)**

I. ਸੂਰਤ ਇੱਕ ________ ਹੈ। **(1)**

II. ਹਿੰਦੂ ਸਮਾਜ __________ ਵੰਡਿਆ ਹੋਇਆ ਸੀ **(1)**

III. ________ਦੁਆਰਾ ਇੱਕ ਨਵੇਂ ਧਰਮ ਦੀਨ ਇਲਾਹੀ ਦੀ ਸਥਾਪਨਾ ਕੀਤੀ ਗਈ।

**(1)**

IV. **__________ ਦੁਆਰਾ 'ਗੀਤ ਗੋਬਿੰਦ' ਲਿਖਿਆ ਗਿਆ ਸੀ।** **(1)**

**(11) ਸਹੀ (√) ਜਾਂ ਗਲਤ (X) ਲਿਖੋ** **(4**

**ਅੰਕ)**

I. ਬੰਦਾ ਸਿੰਘ ਬਹਾਦਰ ਨੇ ਪੰਜਾਬ ਵਿੱਚ ਸਿੱਖ ਰਾਜ ਦੀ ਸਥਾਪਨਾ ਕੀਤੀ। ☐

II. ਤਾਨਸੇਨ ਅਕਬਰ ਦੇ ਦਰਬਾਰ ਦਾ ਪ੍ਰਸਿੱਧ ਗਾਇਕ ਸੀ। ☐

III. ਗੁਰੂ ਨਾਨਕ ਦੇਵ ਜੀ ਨੇ ਖਾਲਸਾ ਪੰਥ ਦੀ ਨੀਂਹ ਰੱਖੀ ਸੀ । ☐

IV. ਮੱਧਕਾਲ ਵਿੱਚ ਸਮਾਜ ਵਿੱਚ ਬ੍ਰਾਹਮਣਾਂ ਦਾ ਸਥਾਨ ਉੱਚਾ ਨਹੀਂ ਸੀ। ☐

**(12) ਸਹੀ ਉੱਤਰ ਤੇ (√) ਲਗਾਓ:** **(4 ਅੰਕ)**

*I.* ਸੂਰਤ ਕਿੱਥੇ ਸਥਿਤ ਹੈ? **(1)**

**(ੳ)** ਪੰਜਾਬ**(ਅ)**ਰਾਜਸਥਾਨ**(ੲ)** ਗੁਜਰਾਤ**(ਸ)** ਮਹਾਂਰਾਸ਼ਟਰ

*II.* ਸੁਫਾਕਾ ਕਿਸ ਵੰਸ਼ ਦਾ ਸ਼ਾਸ਼ਕ ਸੀ? **(1)**

**(ੳ)** ਅਹੋਮ**(ਅ)** ਗੋਂਡ**(ੲ)**ਭੀਲ**(ਸ)**ਕੁੱਕੀ

*III.* ਖਾਲਸਾ ਪੰਥ ਦੀ ਸਿਰਜਣਾ ਕਦੋਂ ਕੀਤੀ ਗਈ? **(1)**

**(ੳ)** 1666**(ਅ)** 1699**(ੲ)1688(ਸ)** 1708

*IV.* ਪੰਜਾਬੀ ਸਾਹਿਤ ਦਾ ਮੋਢੀ ਕੌਣ ਸੀ? **(1)**

**(ੳ)** ਭਾਈ ਗੁਰਦਾਸ**(ਅ)** ਬਾਬਾ ਫਰੀਦ**(ੲ)** ਸ਼ਾਹ ਹੁਸੈਨ**(ਸ)** ਬੁੱਲੇ ਸ਼ਾਹ

(13) **ਸਹੀ ਮਿਲਾਣ ਕਰੋ:** (4 ਅੰਕ)

| | | |
|---|---|---|
| I. | ਰਾਮਾਨੁਜ | ਪਾਕਿਸਤਾਨ ਦਾ ਪ੍ਰਸਿੱਧ ਸ਼ਹਿਰ |
| II. | ਅਮ੍ਰਿਤਸਰ | ਤੀਰਥ ਸਥਾਨ |
| III. | ਗੁਰੂ ਅੰਗਦੇਵ ਜੀ | ਤਾਮਿਲ ਬ੍ਰਾਹਮਣ |
| IV. | ਲਾਹੌਰ | ਸਿੱਖਾਂ ਦੇ ਦੂਸਰੇ ਗੁਰੂ |
| V. | | |

**(ਨਾਗਰਿਕ ਸ਼ਾਸਤਰ)** (10 ਅੰਕ)

(14) **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ:** (6 ਅੰਕ)

I. ਜਨਤਕ ਸੰਚਾਰ ਦੇ ਬਿਜਲਈ ਸਾਧਨਾਂ ਦੇ ਨਾਮ ਲਿਖੋ? (2)

II. ਲਿੰਗ ਸਮਾਨਤਾ ਤੋਂ ਕੀ ਭਾਵ ਹੈ? (2)

III. ਵਪਾਰ ਤੋਂ ਕੀ ਭਾਵ ਹੈ? (2)

(15) **ਖਾਲੀ ਥਾਵਾਂ ਭਰੋ:** (2 ਅੰਕ)

I. ਜਿਸ ਥਾਂ ਤੋਂ ਅਸੀਂ ਕਣਕ ਖਰੀਦਦੇ ਹਾਂ ਉਸਨੂੰ __________ ਮੰਡੀ ਕਿਹਾ ਜਾਂਦਾ ਹੈ। (1)

II. ਕਿਸੇ ਵਸਤੂ ਦੀ _______ ਨੂੰ ਵਧਾਉਣਾ ਵਿਗਿਆਨ ਦਾ ਮੁੱਖ ਉਦੇਸ਼ ਹੈ। (1)

(16) **ਸਹੀ ਜਾਂ ਗਲਤ ਲਿਖੋ** (2 ਅੰਕ)

I. ਦਾਜ ਲੈਣਾ ਗੈਰ- ਕਾਨੂੰਨੀ ਹੈ। (1)

II. ਭਾਰਤ ਵਿੱਚ ਲੜਕੀਆਂ ਦੀ ਗਿਣਤੀ ਲੜਕਿਆਂ ਤੋਂ ਵੱਧ ਹੈ (1)